ਨਰਮੇ-ਕਪਾਹ ਦੀ ਫ਼ਸਲ ਲਈ ਸਿਫਾਰਿਸ਼ ਨੰ: 18/2015

# ਆਈ. ਸੀ. ਏ. ਆਰ - ਭਾਰਤੀ ਖੇਤੀਬਾੜੀ ਖੋਜ ਸੰਸਥਾ

## ਨਰਮੇ-ਕਪਾਹ ਦੀ ਫ਼ਸਲ ਲਈ ( 06 ਅਕਤੂਬਰ ਤੋਂ 12 ਅਕਤੂਬਰ 2015) ਹਫਤੇ ਲਈ ਸਿਫਾਰਿਸ਼ਾਂ

(46ਵਾਂ ਸਟੈਂਡਰਡ ਹਫ਼ਤਾ )

''ਇਹ ਸਲਾਹਾਂ ਪ੍ਰਾਂਤਿਕ ਖੇਤੀਬਾੜੀ ਯੂਨੀਵਰਸਿਟੀਆਂ ਤੋਂ ਆਈਆਂ ਸਿਫਾਰਿਸ਼ਾਂ ਅਨੁਸਾਰ ਹਨ''

| ਮਿਤੀ | ਮੀਂਹ (ਮਿ.ਮੀ.) | | | | | | |
|---|---|---|---|---|---|---|---|
| | ਅਕਤੂਬਰ-2015 | | | | | | |
| | 6 | 7 | 8 | 9 | 10 | 11 | 12 |
| ਪੰਜਾਬ | | | | | | | |
| ਬਠਿੰਡਾ | 0 | 0 | 0 | 0 | 0 | 0 | 0 |
| ਫਿਰੋਜ਼ਪੁਰ | 0 | 0 | 0 | 0 | 0 | 0 | 0 |
| ਮੁਕਤਸਰ | 0 | 0 | 0 | 0 | 0 | 0 | 0 |
| ਮਾਨਸਾ | 0 | 0 | 0 | 0 | 0 | 0 | 0 |
| ਹਰਿਆਣਾ | | | | | | | |
| ਸਰਸਾ | 0 | 0 | 0 | 0 | 0 | 0 | 0 |
| ਹਿਸਾਰ | 0 | 0 | 0 | 0 | 0 | 0 | 0 |
| ਫਤਿਆਬਾਦ | 0 | 0 | 0 | 0 | 0 | 0 | 0 |
| ਰਾਜਸਥਾਨ | | | | | | | |
| ਹਨੁਮਾਨਗੜ੍ਹ | 0 | 0 | 0 | 0 | 0 | 0 | 0 |
| ਸ਼੍ਰੀ ਗੰਗਾਨਗਰ | 0 | 0 | 0 | 0 | 0 | 0 | 0 |
| ਬਾਂਸਵਾੜਾ | 0 | 0 | 0 | 0 | 0 | 0 | 0 |

**ਸਲਾਹ**

1. ਨਰਮਾ-ਕਪਾਹ ਇਸ ਸਮੇਂ ਪੱਕਣ ਦੀ ਅਵਸਥਾ ਵਿੱਚ ਹੈ।
2. ਇਸ ਸਮੇਂ ਦੇਸੀ ਕਪਾਹ ਦੀ ਚੌਗਾਈ ਹਰ ਇੱਕ ਥਾਂ ਪਰ ਨਰਮੇ ਦੀ ਚੌਗਾਈ ਹਾਲੇ ਤੱਕ ਕੁਝ ਥਾਵਾਂ ਤੇ ਹੀ ਸ਼ੁਰੂ ਹੋ ਗਈ ਹੈ।
3. ਚੌਗਾਈ ਦੌਰਾਨ ਦੇਸੀ ਕਪਾਹ ਅਤੇ ਨਰਮੇ ਦੇ ਬੀਜਾਂ ਦਾ ਮਿਸਰਣ ਨਾ ਕਰੋ।
4. ਜਿੰਨ੍ਹਾਂ ਕਿਸਾਨਾਂ ਨੇ ਇਸ ਸਾਲ ਦੇਸੀ ਕਪਾਹ ਲਗਾਈ ਹੈ ਉਹ ਇਸ ਦਾ ਬੀਜ ਅਗਲੇ ਸਾਲ ਵਰਤੋਂ ਵਿੱਚ ਲੈ ਸਕਦੇ ਹਨ।
5. ਤੇਲੇ ਅਤੇ ਥਰਿੱਪ ਦੀ ਗਿਣਤੀ ਨਾ ਮਾਤਰ ਪਾਈ ਗਈ ਹੈ।
6. ਚਿੱਟੀ ਮੱਖੀ ਦੀ ਗਿਣਤੀ ਇਸ ਵਾਰ ਵੱਧ ਰਹੀ ਹੈ ਅਤੇ ਇਸ ਹਫ਼ਤੇ ਦੂਸਰੀ ਵਾਰ ਸਭ ਤੋਂ ਵੱਧ ਹੋਣ ਦੀ ਸੰਭਾਵਨਾ ਹੈ। ਇਸ ਲਈ ਕਿਸਾਨ ਵੀਰਾਂ ਨੂੰ ਲੋੜ ਅਨੁਸਾਰ ਡਾਈਫੈਨਥਾਇਆਯੂਰੋਨ ਜਾਂ ਈਥੀਐਨ ਦੀ ਸਪਰੇਅ ਕਰਨ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ।
7. ਕਈ ਥਾਵਾਂ ਤੇ ਚਿਤਕਬਰੀ ਸੁੰਡੀ ਦਾ ਹਮਲਾ ਦੇਸੀ ਕਪਾਹ ਤੇ ਪਾਇਅ ਗਿਆ ਹੈ।
8. ਮੀਲੀ ਬੱਗ ਦਾ ਹਮਲਾ ਬਰਬਾਦ ਹੋਈ ਫ਼ਸਲ ਤੇ ਹੋ ਸਕਦਾ ਹੈ। ਇਸ ਲਈ ਛਟੀਆਂ ਪੁੱਟਣ ਵੇਲੇ ਖਾਸ ਧਿਆਨ ਰੱਖਣਾ ਚਾਹੀਦਾ ਹੈ ਅਤੇ ਇਹਨਾਂ ਛਟੀਆਂ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ।
9. ਜਿਵੇਂ ਕਿ ਚੌਗਾਈ ਸ਼ੁਰੂ ਹੋ ਗਈ ਹੈ। ਇਸ ਲਈ ਕਿਸਾਨ ਵੀਰਾਂ ਨੂੰ ਸਾਫ਼ ਸੁਥਰੀ ਚੌਗਾਈ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।
10. ਨਰਮੇ-ਕਪਾਹ ਦੀ ਸਾਫ਼ ਸੁਥਰੀ ਚੌਗਾਈ ਅਤੇ ਇਸ ਨੂੰ ਚੰਗੀ ਤਰ੍ਹਾਂ ਸੁਕਾ ਕੇ ਮੰਡੀ ਵਿੱਚ ਲੈ ਜਾਣ ਤੇ ਇਸ ਦੀ ਚੰਗੀ ਕੀਮਤ ਮਿਲੇਗੀ।
11. ਨਰਮੇ-ਕਪਾਹ ਦੀ ਚੌਗਾਈ ਹਰ 8-10 ਦਿਨਾਂ ਬਾਅਦ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਨਰਮੇ-ਕਪਾਹ ਦੇ ਨੁਕਸਾਨ ਨੂੰ ਬਚਾਅ ਸਕੀਏ।
12. ਹਰ ਖੇਤ ਵਿੱਚ ਲੀਫ਼ ਕਰਲ (ਠੂਠੀ ਰੋਗ) ਵਿੱਚ ਵਾਧਾ ਹੋਇਆ ਹੈ।
13. ਮੀਂਹ ਤੋਂ ਬਾਅਦ ਨਰਮੇ ਵਿੱਚ ਲਾਲਗੀ ਦੀ ਸਮੱਸਿਆ ਰਿਕਾਰਡ ਕੀਤੀ ਗਈ ਹੈ। ਇਸ ਦੀ ਰੋਕਥਾਮ ਮੈਗਨੀਸ਼ੀਅਮ ਸਲਫੇਟ @1 ਪ੍ਰਤੀਸ਼ਤ ਦੇ ਛਿੜਕਾਅ ਨਾਲ ਕੀਤੀ ਜਾ ਸਕਦੀ ਹੈ।
14. ਜਿਥੇ ਜਾਂ ਜਿਨ੍ਹਾਂ ਖੇਤਾਂ ਵਿੱਚ ਬਿਜਾਈ ਲੇਟ ਹੋਈ ਹੈ ਉਹਨਾਂ ਖੇਤਾਂ ਵਿੱਚ ਚਿੱਟੀ ਮੱਖੀ ਦਾ ਨੁਕਸਾਨ (ਹੇਠਲੇ ਪੱਤਿਆਂ ਦਾ ਕਾਲਾ ਹੋਣਾ) ਜ਼ਿਆਦਾ ਪਾਇਆ ਹੈ। ਪਰ ਟਾਇਮ ਸਿਰ

| | | | | | | | | |
|---|---|---|---|---|---|---|---|---|
| | | | | | | | | ਸੁਚੱਜੀ ਰੋਕਥਾਮ ਵਾਲੇ ਖੇਤਾਂ ਵਿੱਚ ਘੱਟ ਨੁਕਸਾਨ ਹੈ।<br>15.ਸਾਰੇ ਖੇਤਾਂ ਵਿੱਚ ਤੇਲੇ ਦੀ ਗਿਣਤੀ ਆਰਥਿਕ ਕਗਾਰ (2 ਬਾਲਗ ਜਾਂ ਬੱਚ ਪ੍ਰਤੀਪੱਤਾ) ਤੋਂ ਘੱਟ ਰਿਕਾਰਡ ਕੀਤੀ ਗਈ ਹੈ।<br>16.ਤੰਬਾਕੂ ਦੀ ਸੁੰਡੀ ਅਤੇ ਮੀਲੀ ਬੱਗ ਦਾ ਹਮਲਾ ਵੀ ਨਾਂ ਮਾਤਰ ਪਾਇਆ ਗਿਆ ਹੈ।<br>17.ਅਮਰੀਕਣ ਅਤੇ ਚਿਤਕਬਰੀ ਸੁੰਡੀ ਦਾ ਹਮਲਾ ਸਿਰਫ਼ ਦੇਸੀ ਕਪਾਹ ਉਤੇ ਹੀ ਪਾਇਆ ਗਿਆ ਹੈ ਅਤੇ ਇਸ ਦੀ ਗਿਣਤੀ ਵੀ ਨਾ ਮਾਤਰ ਹੀ ਹੈ।<br>18.ਠੂਠੀ ਰੋਗ (3 ਗਰੇਡ) ਹਿਸਾਰ, ਸਰਸਾ, ਫਤਿਆਬਾਦ, ਜੀਂਦ ਅਤੇ ਭੀਵਾਨੀ ਜਿਲ੍ਹਿਆਂ ਵਿੱਚ ਪਾਇਆ ਗਿਆ ਹੈ।<br>19.ਨਰਮੇ-ਕਪਾਹ ਵਿੱਚ ਝੁਲਸ ਰੋਗ ਨਹੀਂ ਪਾਇਆ ਗਿਆ ਹੈ ਪਰ ਕਈ ਥਾਵਾਂ ਤੇ ਉਲੀ ਤੋਂ ਹੋਣ ਵਾਲੇ ਰੋਗ ਰਿਕਾਰਡ ਕੀਤੇ ਗਏ ਹਨ।<br>20.ਜਿਥੇ ਟੀਡੇ ਇੱਕ ਤਿਹਾਈ ਖਿੜ੍ਹ ਗਏ ਹੋਣ ਉਸ ਖੇਤ ਦੀ ਸਿੰਜਾਈ ਨਾ ਕਰੋ।<br>21.ਗਲੇ ਹੋਏ ਟੀਡਿਆ ਦੀ ਚੋਗਾਈ ਨਾ ਕਰੋ।<br>22.ਸਟੋਰ ਕਰਨ ਤੋਂ ਪਹਿਲਾਂ ਨਰਮੇ-ਕਪਾਹ ਨੂੰ ਚੰਗੀ ਤਰ੍ਹਾਂ ਸੁਕਾ ਲਓ ਤਾਂ ਜੋ ਇਸ ਨੂੰ ਕੋਈ ਉਲੀ ਜਾਂ ਕੋਈ ਹੋਰ ਰੋਗ ਨਾ ਲੱਗੇ।<br>23.ਰਾਜਸਥਾਨ ਵਿੱਚ ਨਰਮੇ-ਕਪਾਹ ਦੀ ਫ਼ਸਲ ਫੁੱਲ/ਡੋਡੀ ਦੀ ਅਵਸਥਾ ਵਿੱਚ ਹੈ ਅਤੇ ਖਿੜਨ ਵੀ ਲੱਗੀ ਹੈ।<br>24.ਸੰਨਵਾਂ ਘਾਹ, ਮੋਥਾ ਘਾਹ ਅਤੇ ਸਾਂਥੀ ਨਦੀਨ ਨਰਮੇ ਦੇ ਖੇਤਾਂ ਵਿੱਚ ਪਾਏ ਗਏ ਹਨ। |